# ਭਾਅ ਜੀ ਗੁਰਸ਼ਰਨ ਸਿੰਘ

ਸੁਖਦੇਵ ਸਿੰਘ ਪ੍ਰੇਮੀ

*ਕੇਹਾ ਦਰਵੇਸ਼ ਸੀ ਉਹ ਜੋ ਨਾ ਖੁੱਲ੍ਹ ਕੇ ਹੱਸ ਕਦੇ ਸਕਿਆ।*
*ਨਾ ਬੈਠਾ ਚੈਨ 'ਚ ਕਿਧਰੇ, ਨਾ ਹੋਇਆ ਸੁਸਤ, ਨਾ ਥੱਕਿਆ।*
*ਤੇ ਪੀੜਾ ਦੁਨੀਆਂ ਭਰ ਦੀ ਨੂੰ, ਸਮਝਿਆ ਨਿੱਜੀ ਪੀੜਾ ਸੀ।*
*ਇਸ ਲਈ ਸਭ ਦੀ ਪੀੜਾ ਹਰਨ ਲਈ, ਉਸ ਚੁੱਕਿਆ ਬੀੜਾ ਸੀ।*
*ਉਹਦੇ ਮੱਥੇ 'ਤੇ ਤਿਉੜੀ ਸੀ ਜੋ ਹਰਦਮ ਵਾਸ ਕਰਦੀ ਸੀ।*
*ਉਹਨੂੰ ਬੇਚੈਨ ਰੱਖਦੀ ਸੀ ਜੋ ਪੀੜਾ ਦੁਨੀਆਂ ਭਰ ਦੀ ਸੀ।*
*ਉਹਨੂੰ ਨਫ਼ਰਤ ਤੇ ਗੁੱਸਾ ਸੀ ਬੜਾ ਬੇਦਰਦ ਲੋਟੂ 'ਤੇ।*
*ਕਿਰਤ ਦੇ ਬੇਕਿਰਕ ਸ਼ੋਸ਼ਕ, ਲਹੂ-ਪੀਣੇ ਭਾਲੂ ਮੋਟੂ 'ਤੇ।*
*ਰਿਹਾ ਲੜਦਾ ਉਮਰ ਭਰ ਉਹ ਸਦਾ ਜਰਵਾਣਿਆਂ ਦੇ ਨਾਲ।*
*ਲੁੱਟ-ਲੁੱਟ ਖਾਣ ਵਾਲੇ ਸਾਰੇ ਰਾਜੇ-ਰਾਣਿਆਂ ਦੇ ਨਾਲ।*
*ਗ਼ਰੀਬਾਂ ਦੀ ਦਸ਼ਾ ਭੈੜੀ ਉਹਨੂੰ ਉਪਰਾਮ ਕਰਦੀ ਸੀ।*
*ਨਰਕਮਈ ਜੀਊਣ ਜੀਉਂਦੀ ਜੋ ਤੇ ਭੁੱਖ ਨੰਗ ਨਾਲ ਮਰਦੀ ਸੀ।*
*ਤੇ ਥਾਂ-ਥਾਂ ਖੇਡ ਕੇ ਨਾਟਕ ਰਿਹਾ ਜਨਤਾ ਜਗਾਉਂਦਾ ਉਹ।*
*ਇਕਮੁੱਠ ਕਰਕੇ ਇਹ ਜਨਤਾ, ਸੰਘਰਸ਼ਾਂ ਨੂੰ ਰਚਾਉਂਦਾ ਉਹ।*
*ਉਮਰ ਸਾਰੀ ਲਗਾਈ ਉਸ, ਅਜਿਹੇ ਨਾਟ ਕਰ ਕਰ ਕੇ।*
*ਤੇ ਇਹ ਜਨਤਾ ਜਗਾ ਤੁਰਿਆ ਤਲਿਸਮ ਕਾਟ ਕਰ ਕਰ ਕੇ।*
*ਨਿਰੰਤਰ ਰਾਤ-ਦਿਨ ਹੀ ਉਸ, ਗ਼ਰੀਬਾਂ ਦੇ ਲਈ ਲਾਇਆ।*
*ਤੇ ਟੁੰਬ-ਟੁੰਬ ਸੁੱਤਿਆਂ ਲੋਕਾਂ ਨੂੰ ਹੁੱਝਾਂ ਮਾਰ ਜਗਾਇਆ।*
*ਇਹ ਜਾਗੇ ਲੋਕ ਨੇ ਜੋ ਹੁਣ ਕਦੇ ਨਹੀਂ ਸੌਣ ਲੱਗੇ ਇਹ।*
*ਤੇ ਜਗਮਗ ਜਗਦੇ ਹੋਏ ਦੀਵੇ ਨੇ ਜੱਗ ਰੁਸ਼ਨਾਉਣ ਲੱਗੇ ਇਹ।*
*ਤੇ ਤੱਕ ਚਾਨਣ ਪਸਰਦਾ ਹਰ ਥਾਂ ਨ੍ਹੇਰਾ ਡਰਨ ਲੱਗਾ ਹੈ।*
*ਇਹ ਹਿਸ਼ਿਆ ਮਾਰਨ ਲੱਗਾ ਹੈ, ਇਹ ਕਿਵੇਂ ਮਰਨ ਲੱਗਾ ਹੈ।*
*ਤੇ ਭਾਅ ਜੀ ਨੇ ਜੋ ਥਾਂ-ਥਾਂ ਬੀਜ ਬੋਏ, ਰੁੱਖ ਬਣ ਗਏ ਨੇ।*
*ਉਹ ਤਿੱਖੇ ਤੀਰ ਬਣ ਗਏ ਨੇ, ਸਾਰੇ ਧਨੁੱਖ ਬਣ ਗਏ ਨੇ।*
*ਤੇ ਬਹੁਤੀ ਦੇਰ ਹੁਣ ਲੋਟੂ ਦਾ, ਇਹ ਪ੍ਰਬੰਧ ਨਹੀਂ ਰਹਿਣਾ।*
*ਇਹ ਸਾਰਾ ਹੂੰਝਿਆ ਜਾਣੈ, ਕਿਤੇ ਇਹ ਗੰਦ ਨਹੀਂ ਰਹਿਣਾ।*

124 ਅਰਬਨ ਐਸਟੇਟ, ਬਟਾਲਾ